# ਨਾਵਲ :→ ਚਿੱਟਾ ਲਹੂ ਦਾ ਕਲਾ ਪੱਖ

ਜਦੋਂ ਨਾਨਕ ਸਿੰਘ ਦਾ ਜਨਮ ਹੋਇਆ। ਉਸ ਸਮੇਂ ਪੰਜਾਬੀ ਦਾ ਪਹਿਲਾ ਨਾਵਲ ਸੁੰਦਰੀ ਪ੍ਰਕਾਸ਼ਿਤ ਹੋਇਆ ਸੀ ਪਰ ਫਿਰ ਵੀ ਪੰਜਾਬੀ ਨਾਵਲ 'ਚਿੱਟਾ ਲਹੂ' (1932) ਵਿੱਚ ਹੀ ਧਾਰਨ ਕਰ ਸਕਿਆ ਹੈ। ਉਂਞ ਉਸ ਦਾ ਪਹਿਲਾ ਮੌਲਿਕ ਨਾਵਲ ਮਤਰੇਈ ਮਾਂ 1927 ਈ. ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਤੋਂ ਮਗਰੋਂ ਸਰਦਾਰ ਨਾਨਕ ਸਿੰਘ ਨੇ ਪੰਜਾਬੀ ਮਾਂ ਬੋਲੀ ਦੀ ਝੋਲੀ ਨਾਵਲਾਂ ਨਾਲ ਭਰ ਦਿੱਤੀ।

ਨਾਨਕ ਸਿੰਘ ਦੀ ਨਾਵਲ ਕਲਾ ਦਾ ਮੂਲ ਤੱਤ ਇਹ ਹੈ ਉਸ ਦੀ ਰਚਨਾ-ਦ੍ਰਿਸ਼ਟੀ ਧਰਮ ਨਿਰਪੱਖ ਲੋਕ-ਰਾਜੀ ਉਦਾਰਵਾਦੀ ਵਿਚਾਰਧਾਰਾ ਤੇ ਆਧਾਰਿਤ ਹੈ। ਇਸ ਵਿਚਾਰਧਾਰਾ ਦਾ ਇਕ ਧਾਰਾ ਸੁਧਾਰਵਾਦ ਨਾਲ ਸੰਬੰਧਿਤ ਹੈ। ਉਹ ਸੰਕਟਮਈ ਸਥਿਤੀ ਦਾ ਕਾਰਣ ਮਨੁੱਖ ਦੀਆਂ ਨਿਜੀ ਖਾਮੀਆਂ ਜਾਂ ਸਮਾਜਿਕ ਕੁਰੀਤੇ ਦੇ ਸੁਧਾਰ ਦਾ ਪ੍ਰਤਿਮਾਨ ਸਿਰਜਦਾ ਹੈ। ਨਾਨਕ ਸਿੰਘ ਦੇ ਨਾਵਲ ਵਿਚ ਸੁਧਾਰਵਾਦ ਦਾ ਇਹ ਬੁਨਿਆਦੀ ਲੱਛਣ ਇਕ ਤੋਂ ਜ਼ਿਆਦਾ ਰੂਪਾਂ ਵਿਚ ਉਜਾਗਰ ਹੋਇਆ ਹੈ। ਅਨਪੜ੍ਹਤਾ, ਨਸ਼ਿਆਂ ਦਾ ਸੇਵਨ, ਵਿਭਚਾਰ, ਭ੍ਰਿਸ਼ਟਾਚਾਰ, ਠੱਗੀ, ਝੂਠ, ਪਾਖੰਡ, ਅਸਮਾਨਤਾ ਵਿੱਚ ਖਿਲਾਫ਼ਤ ਆਦਿ ਨੂੰ ਉਹ ਵਿਅਕਤੀ-ਚਰਿੱਤਰ ਦੀਆਂ ਖਾਮੀਆਂ ਸਮਝਦਾ ਹੈ ਅਤੇ ਬਾਲ-ਵਿਆਹ, ਬਿਰਧ-ਵਿਆਹ, ਵਿਧਵਾ-ਵਿਆਹ ਉੱਤੇ ਮੁਜਰੇ ਕਰਵਾਉਣ ਦੀ ਪ੍ਰਥਾ, ਵੇਸ਼ਵਾ ਗਮਨ, ਧਾਰਮਿਕ-ਸੰਪਰਦਾਇਕ ਕੱਟੜਤਾ ਅਤੇ ਮਨੁੱਖੀ ਵਿਤਕਰਿਆਂ ਨੂੰ ਉਹ ਸਮਾਜਿਕ ਕੁਰੀਤੀਆਂ ਦੇ ਵਰਗ ਵਿਚ ਰੱਖਦਾ ਹੈ।

ਨਾਨਕ ਸਿੰਘ ਦਾ ਵਿਚਾਰ ਹੈ ਕਿ ਇਨ੍ਹਾਂ ਖਾਮੀਆਂ ਅਤੇ ਕੁਰੀਤੀਆਂ ਦਾ ਨਿਰਾਕਰਣ ਸ੍ਰੇਣੀ-ਸਮਾਜ

ਅੰਦਰ ਦੀ ਸਮੱਸਿਆ ਮੌਜੂਦ ਹੈ। ਇਨ੍ਹਾਂ ਦੇ ਦੂਰ ਹੋਣ ਨਾਲ ਵਿਅਕਤੀ
ਅਤੇ ਸਮਾਜ ਦੋਹਾਂ ਦਾ ਕਲਿਆਣ ਹੋ ਸਕਦਾ ਹੈ। ਵਿਅਕਤੀ ਅਤੇ
ਸਮਾਜ ਦੇ ਸੁਧਾਰ ਲਈ ਉਹ ਕਈ ਜੁਗਤਾਂ ਦੀ ਵਰਤੋਂ ਕਰਦਾ
ਹੈ। ਉਹ 'ਚਿੱਟਾ ਲਹੂ' ਅਤੇ 'ਪਿਆਰ ਦੀ ਦੁਨੀਆਂ' ਵਰਗੇ
ਨਾਵਲਾਂ ਵਿਚ ਘਰ-ਪਰਿਵਾਰ ਦੇ, ਗੈਰ-ਕਾਨੂੰਨੀ ਸੰਬੰਧਾਂ ਨੂੰ
ਵੀ ਜਾਇਜ਼ ਕਰਾਰ ਦਿੱਤਾ ਹੈ ਤੇ ਇਉਂ ਭੈੜ ਦੇ ਨਿਘੇੜੇ ਲਈ
'ਕੋਠੇ' ਦਾ ਪ੍ਰਤਿਮਾਨ ਸਿਰਜਦਾ ਹੈ ਅਤੇ 'ਗਾਇਆ - ਰਫ਼ਾਂ' ਨੂੰ
ਉਹ ਸੁਧਾਰ ਦੀ ਸਭ ਤੋਂ ਜ਼ਿਆਦਾ ਕਾਰਗਰ ਜੁਗਤ ਸਮਝਦਾ ਹੈ।
ਨਾਨਕ ਸਿੰਘ ਦਾ ਵਿਚਾਰ ਹੈ ਕਿ ਸਦਾਚਾਰੀ ਮਨੁੱਖ ਆਪਣੇ ਸਦਾ-
ਚਾਰ ਰਾਹੀਂ ਭੈੜੇ ਮਨੁੱਖਾਂ ਦੇ ਮਨ ਵਿਚ ਸਦਾਚਾਰਕ ਬਿਰਤੀਆਂ
ਪੈਦਾ ਕਰ ਸਕਦੇ ਹਨ ਅਤੇ ਸਮਾਜ ਵਿਚੋਂ ਭੈੜ ਦਾ ਅੰਤ ਹੋ
ਸਕਦਾ ਹੈ। 'ਚਿੱਟਾ ਲਹੂ' ਦਾ ਤਾਰਾ ਚੰਦ ਗੁਪਤੇਸ਼ਵਰ ਦੀਆਂ
ਕਹਾਣੀਆਂ ਪੜ੍ਹ ਕੇ ਅਤੇ ਉਸ ਦੇ ਮੂੰਹੋਂ ਉਸ ਦੀ ਜੀਵਨ-ਗਾਥਾ
ਸੁਣ ਕੇ ਆਪਣੇ ਪਾਪਾਂ ਦਾ ਪਸ਼ਚਾਤਾਪ ਕਰਦਾ ਹੈ ਅਤੇ ਉਹ
ਇਕ 'ਨੇਕ' ਇਨਸਾਨ ਬਣ ਜਾਂਦਾ ਹੈ।

ਨਾਨਕ ਸਿੰਘ ਆਪਣੀ 'ਮਾਨਵਵਾਦੀ'
ਪਹੁੰਚ ਸਦਕਾ ਹੀ ਉਹ ਆਪਣੇ ਨਾਵਲਾਂ ਵਿਚ ਅਜਿਹੇ ਪਾਤਰਾਂ ਦੀ
ਸਿਰਜਣਾ ਕਰ ਸਕਿਆ ਹੈ। ਜਿਹੜੇ ਉਸ ਦੇ ਸਦਾਚਾਰਕ ਮਾਪਾਂ
ਤੋਂ ਉਂਝ ਗਿਰ ਜਾਣ ਦੇ ਬਾਵਜੂਦ ਉਸ ਦੀ ਸਮੁੱਚੀ ਹਮਦਰਦੀ
ਦੇ ਪਾਤਰ ਹੋ ਨਿਬੜਦੇ ਹਨ। ਨਾਨਕ ਸਿੰਘ ਦੀਆਂ ਨਜ਼ਰਾਂ
ਵਿਚ ਇਹ ਹਮਦਰਦੀ ਦੀਆਂ ਪਾਤਰ ਹਨ ਕਿਉਂਕਿ ਇਨ੍ਹਾਂ ਨੂੰ
ਸਰੀਰ ਵੇਚਣ ਦਾ ਕਿੱਤਾ ਕਿਸੇ ਬਾਹਰੀ ਮਜ਼ਬੂਰੀ ਵਸ ਅਪਣਾਉਣਾ
ਪਿਆ ਹੈ। ਪਰ ਨਾਨਕ ਸਿੰਘ ਨੂੰ ਇਹ 'ਖੋਟ' ਖਟਕਦੇ ਨਹੀਂ
ਕਿਉਂਕਿ ਇਹ ਸਭ ਕੁਝ ਉਸ ਨੇ ਬੇਲਾਗ ਹੋ ਕੇ ਕਿਸੇ ਪਰਾਏ
ਪਰਿਵਾਰ ਦੀ ਭਲਾਈ ਲਈ ਕੀਤਾ ਹੈ।

ਨਾਨਕ ਸਿੰਘ ਆਪਣੇ ਕੁਝ ਨਾਵਲ
ਵਿਚ ਨਵਾਂ ਮਾਨਵਵਾਦੀ ਸਦਾਚਾਰ ਸਿਰਜਦਾ ਨਜ਼ਰ ਆਉਂਦਾ ਹੈ,
ਬਚਨ ਸਿੰਘ ਅਤੇ ਸੈਂਟੀ ਦਾ ਪਿਆਰ ਜਾਤੀਗਤ ਵਰਗਾਂ ਦੀ

ਉਲੰਘਣਾ ਕਰਦਾ ਹੈ, ਵਿਧਵਾ ਸੰਜਮ ਦਾ ਇਖ਼ਲਾਸ ਸਿੱਖ ਅਤੇ ਰੂਹਾਨੀਅਤ ਪ੍ਰੀਤ ਫ਼ਰਾਡ ਉਸ ਨੂੰ ਦੰਭਮਤ ਜਾਪਦਾ ਹੈ। 'ਸੰਗਮ' ਵਿਚ ਤਾਂ ਉਹ ਪਤੀਆਂ ਦੀ ਤਬਦੀਲੀ ਦਾ ਵੀ ਬੁਰਾ ਨਹੀਂ ਮਨਾਉਂਦਾ।

ਨਾਨਕ ਸਿੰਘ ਪੰਜਾਬੀ ਨਾਟਕ ਵਿਚ 'ਦੁਖਾਂਤ' ਦੀ ਪਰੰਪਰਾ ਨੂੰ ਜਨਮ ਦੇ ਸਕਿਆ ਹੈ। ਨਾਟਕ 'ਟਿੱਟਾ ਫੁੱਲ' ਵਿਚ ਦੁਸ਼ਟ ਪਾਤਰ ਨਾਥ ਤਾਂ ਕਾਵਿਕ ਨਿਆਂ ਦੀ ਰੂੜ੍ਹੀ 'ਅੰਤ ਬੁਰੇ ਦਾ ਬੁਰਾ' ਅਨੁਸਾਰ ਹੀ ਵਰਤਦੀ ਹੈ। ਇਸੇ ਨਾਟਕ ਵਿਚ ਉਹ ਰੂੜ੍ਹੀ ਉਤੇ ਕਿੰਤੂ ਕਰਦਾ ਨਜ਼ਰ ਆਉਂਦਾ ਹੈ ਜਦੋਂ ਉਹ ਨਿਰਦੋਸ਼ ਬਚਨ ਸਿੰਘ ਨੂੰ ਫ਼ਾਂਸੀ ਲਗਦਾ ਅਤੇ ਸੈਦਣੀ ਨੂੰ ਆਤਮ-ਘਾਤ ਕਰਦੀ ਬੇਬਸ ਹੋਈ ਵਿਖਾਉਂਦਾ ਹੈ। ਪੰਜਾਬੀ ਨਾਟਕ ਵਿਚ ਮੋੜ 'ਟਿੱਟਾ ਫੁੱਲ' ਵਿਚ ਹੀ ਬਦਲਦਾ ਹੈ। ਇਨ੍ਹਾਂ ਦੁਖਾਂਤਕ ਨਾਟਕਾਂ ਵਿਚ ਨਾਨਕ ਸਿੰਘ 'ਕਾਇਆ ਕਲਪ' ਅਤੇ 'ਕਾਵਿਕ ਨਿਆਂ' ਦੀਆਂ ਰੂੜ੍ਹੀਆਂ ਉੱਤੇ ਕਿੰਤੂ ਕਰਦਾ ਨਜ਼ਰ ਆਉਂਦਾ ਹੈ ਜੋ ਕਿ ਉਸ ਦੀਆਂ ਮਾਨਵਵਾਦੀ ਧਾਰਨਾਵਾਂ ਦਾ ਪ੍ਰਭਾਵ ਹੈ।

ਇਨ੍ਹਾਂ ਨਾਟਕਾਂ ਵਿਚ ਦੁਖਾਂਤ ਰੂਪਕਵਾਦੀ ਪਾਤਰਾਂ ਦੇ ਕੂਟ-ਵਿਕਾਰ ਵਿਚੋਂ ਪੈਦਾ ਹੁੰਦਾ ਹੈ, ਪਰ ਨਾਨਕ ਸਿੰਘ ਦੇ ਦੋ ਕੁ ਅਜਿਹੇ ਨਾਟਕ ਵੀ ਹਨ। ਜਿਨ੍ਹਾਂ ਵਿਚ ਉਹ ਸਦਭਾਵੀ ਸਦ-ਵਿਕਾਰ ਦਾ ਦੁਖਾਂਤ ਸਿਰਜਣ ਵਿਚ ਕਾਮਯਾਬ ਹੋਇਆ ਹੈ। ਫਿਰ ਉਸ ਨੇ ਮਨੁੱਖ ਦੇ ਵਿਅਕਤਿਤਵ ਦੇ ਅਜਿਹੇ ਅੰਤਰ-ਵਿਰੋਧਾਂ ਨੂੰ ਦੁਖਾਂਤ ਦਾ ਆਧਾਰ ਬਣਾਇਆ ਹੈ ਜੋ ਸਦਾਚਾਰਕ ਮਾਪਾਂ ਅਨੁਸਾਰ ਨਹੀਂ ਪਰਖੇ ਜਾ ਸਕਦੇ।

ਨਾਨਕ ਸਿੰਘ ਦੇ ਨਾਟਕਾਂ ਦੀ ਰਚਨਾ-ਵਿਧੀ ਬਿਰਤਾਂਤਕ ਹੈ। ਰੌਚਕ ਅਤੇ ਸੰਗਠਿਤ ਕਥਾਨਕ ਨੂੰ ਉਹ ਨਾਟਕ ਦਾ ਅਨਿਵਾਰੀ ਤੱਤ ਸਮਝਦਾ ਹੈ। ਕਥਾਨਕ ਦੀ ਸਿਰਜਣਾ ਵਾਸਤੇ ਉਹ ਪਰਸਪਰ ਵਿਰੋਧੀ ਘਟਨਾਵਾਂ ਤਾਂ ਉਣਦਾ ਹੀ ਨਹੀਂ ਰਹਿੰਦਾ, ਜਾਸੂਸੀ ਘਟਨਾਵਾਂ ਦਾ ਸਮਾਵੇਸ਼ ਵੀ ਉਸ ਦੇ 'ਪਿਆਰ ਦੀ ਦੁਨੀਆ' ਵਰਗੇ ਕੁਝ ਨਾਟਕਾਂ ਵਿਚ ਹੀ ਹੋਇਆ ਹੈ।

ਉਸ ਦੇ ਕਥਾਨਕਾਂ ਦਾ ਆਧਾਰ ਤਾਂ ਜੀਵਨ ਦੀਆਂ ਘਟਨਾਵਾਂ ਹੀ ਬਣੀਆਂ ਹਨ ਅਤੇ ਇਹ ਤਾਂ ਆਪਣੇ ਆਪ ਵਿਚ ਹੀ ਅਸਾਧਾਰਣ ਬਣੀਆਂ ਹਨ ਤੇ ਫਿਰ ਨਾਨਕ ਸਿੰਘ ਆਪਣੀ ਕਲਪਨਾ ਨਾਲ ਇਨ੍ਹਾਂ ਨੂੰ ਅਸਾਧਾਰਣ ਬਣਾ ਦਿੰਦਾ ਹੈ।

ਅਸਾਧਾਰਣ ਘਟਨਾਵਾਂ ਦੀ ਚੋਣ ਤੋਂ ਇਲਾਵਾ, ਉਹ ਘਟਨਾਵੀ ਉਤਾਰ ਅਤੇ ਮੌਕੇ-ਮੇਲ ਦੀਆਂ ਸਿਰਜਣਾ ਜੁਗਤਾਂ ਦੀ ਵਰਤੋਂ ਕਰਦਾ ਹੈ। ਇਸ ਤਰ੍ਹਾਂ ਉਸ ਦੇ ਨਾਵਲਾਂ ਦੀ ਜੋ ਵਿਲੱਖਣ ਤੌਰ ਵਿਚ ਆਉਂਦੀ ਹੈ, ਉਸ ਨੂੰ ਹੋਰ ਜ਼ਿਆਦਾ ਅਸਾਧਾਰਣ ਬਣਾਉਣ ਲਈ ਉਹ ਕਾਵਿਕ ਭਾਸ਼ਾ-ਸ਼ੈਲੀ ਦੀ ਵੀ ਵਰਤੋਂ ਕਰਦਾ ਹੈ।

ਨਾਨਕ ਸਿੰਘ ਦੇ ਨਾਵਲਾਂ ਦੇ ਕਥਾਨਕ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਸ ਨੇ ਘਟਨਾਵਾਂ ਨੂੰ ਕਾਰਣ-ਕਾਰਜ ਸੰਬੰਧ ਦੇ ਸੂਤਰ ਵਿਚ ਵੀ ਪਰੋਇਆ ਹੈ ਅਤੇ ਪਾਤਰਾਂ ਦੇ ਸੁਭਾਅ ਨਾਲ ਵੀ ਉਨ੍ਹਾਂ ਦਾ ਰਿਸ਼ਤਾ ਜੋੜਿਆ ਹੈ। ਉਹ ਨਾ ਕੇਵਲ ਬਾਹਰ ਜਗਤ ਤੇ ਵਸਤੂ-ਜਗਤ ਦੀਆਂ ਵਿਭਿੰਨ ਘਟਨਾਵਾਂ ਵਿਚਕਾਰ ਹੀ ਤਰਕਸ਼ੀਲ ਸੰਬੰਧ ਸਥਾਪਿਤ ਕਰ ਸਕਿਆ ਹੈ, ਸਗੋਂ ਵਸਤੂ-ਜਗਤ ਅਤੇ ਆਤਮ-ਜਗਤ ਦੇ ਸੰਬੰਧੀ ਰਿਸ਼ਤੇ ਨੂੰ ਵੀ ਕਾਇਮ ਰੱਖ ਸਕਿਆ ਹੈ।

ਇਸ ਤੋਂ ਇਲਾਵਾ ਉਸ ਦੇ ਨਾਵਲਾਂ ਦੀ ਰਚਨਾ-ਵਿਧੀ ਦਾ ਆਧਾਰ ਗਤੀਸ਼ੀਲ ਸਥਿਤੀ ਦਾ ਚਿਤਰਣ ਹੀ ਨਹੀਂ, ਸਥਿਰ ਸਥਿਤੀ ਦਾ ਵਰਣਨ ਵੀ ਹੈ। ਇਸ ਮੌਕੇ ਉੱਤੇ ਉਹ ਪਾਤਰਾਂ ਦੇ ਸੁਭਾਅ ਦਾ ਵਰਣਨ ਕਰਦਾ ਹੈ, ਵਿਅਕਤੀ ਮੂਲਕ ਤਸਵੀਰ ਸਿਰਜਦਾ ਹੈ।

ਨਾਨਕ ਸਿੰਘ ਦੇ ਬਹੁਤੇ ਨਾਵਲਾਂ ਦੇ ਕਥਾਨਕ ਜਟਿਲ ਹੁੰਦੇ ਹਨ। ਜਟਿਲਤਾ ਦਾ ਮਤਲਬ ਇਹ ਹੈ ਕਿ ਉਹ ਆਪਣੇ ਨਾਵਲਾਂ ਵਿਚ ਦੋ ਜਾਂ ਦੋ ਤੋਂ ਵੱਧ ਕਥਾਵਾਂ ਇਕ ਦੂਜੀ ਦੇ ਸਮਾਨਾਂਤਰ ਤੋਰਦਾ ਹੈ।

ਅਤੇ ਇਕ ਖ਼ਾਸ ਮੌਕੇ ਉੱਤੇ ਉਨ੍ਹਾਂ ਵਿਚਕਾਰ ਸੰਬੰਧ ਵੀ ਸਥਾਪਿਤ ਕਰ ਦਿੱਤਾ ਹੈ। ਨਾਨਕ ਸਿੰਘ ਜ਼ਿੰਦਗੀ ਦੀ ਅਜ਼ਾਦੀ ਦਾ ਪ੍ਰਤਿਮਾਨ ਸਿਰਜਦਾ ਹੈ, ਆਪਣੇ ਇਸ ਆਦਰਸ਼ ਦੀ ਪੂਰਤੀ ਲਈ ਉਹ ਰੋਸ਼ਨੀ ਅਤੇ ਨੇਕੀ, ਦੀਆਂ ਕਥਾਵਾਂ ਦੀ ਵਿਆ ਕਰਦਾ ਹੈ ਅਤੇ ਇਸ ਪ੍ਰਸੰਗ ਵਿਚ ਪ੍ਰਿਜ ਜੋਗਨ, ਸੁਖਧੀ ਅਤੇ ਗੌਰਵ ਤੌਰ ਤੇ ਪ੍ਰਗਤੀ ਸੰਸਕਾਰਾਂ ਦੀ ਵੀ ਸਿਰਜਣਾ ਕਰਦਾ ਹੈ।

ਨਾਨਕ ਸਿੰਘ ਦੀ ਨਾਵਲ-ਕਲਾ ਦਾ ਇਕ ਹੋਰ ਫੱਲਣ ਸ਼ਕਤੀ ਦੇ ਵਿਸ਼ਲੇਸ਼ਣ ਵਿਚ ਨਿਸ਼ਚਿਤ ਕੀਤਾ ਜਾ ਸਕਦਾ ਹੈ। ਉਹ ਆਪਣੇ ਨਾਵਲਾਂ ਦੇ ਪਾਤਰਾਂ ਨੂੰ, ਉਨ੍ਹਾਂ ਦੇ ਚਰਿੱਤਰ ਨੂੰ, ਉਨ੍ਹਾਂ ਨਾਲ ਵਾਪਰਨ ਵਾਲੀਆਂ ਘਟਨਾਵਾਂ ਨੂੰ ਅਤੇ ਉਸ ਪਰਿਵੇਸ਼ ਨੂੰ ਜਿਸ ਵਿੱਚ ਨਾਵਲ ਦਾ ਕਾਰਜ ਵਿਚਰਦਾ ਹੈ, ਵਿਸ਼ੇਸ਼ ਅਤੇ ਨਿਵੇਕਲੀ ਹੋਂਦ ਪ੍ਰਦਾਨ ਕਰਦਾ ਹੈ। ਚੜ੍ਹਤ ਸਿੰਘ, ਵਰਿਆਮ ਸਿੰਘ, ਚਕਰਦੇਵ, ਕਿਦਾਰ, ਪਕਵੰਤ ਭਾਨੇ ਸ਼ਾਹ, ਭਾਰਤੀ ਪ੍ਰਿਤਪਾਲ, ਰਾਜ ਸਿੰਘ, ਜਗੀਸ਼, ਆਦਿ ਉਸ ਦੇ ਸਦਗੁਣੀ ਪਾਤਰ ਹਨ। ਪਰ ਉਨ੍ਹਾਂ ਦੀ ਸਦਗੁਣਤਾ ਦਾ ਰੂਪ ਵੀ ਭਿੰਨ ਹੈ ਅਤੇ ਇਸ ਤੋਂ ਪ੍ਰੇਰਿਤ ਵਿਹਾਰ ਵੀ ਵਖਰਾ ਵਖਰਾ ਹੈ। ਇਸੇ ਤਰ੍ਹਾਂ ਰਾਏ ਕ੍ਰਿਸ਼ਨ, ਕਰਮ ਚੰਦ, ਪਾਲਾ ਸਿੰਘ, ਅਮਰਨਾਥ, ਠਾਕੁਰ ਸਿੰਘ, ਪ੍ਰਤਿਦਿਆਲ, ਦੁਲਾਰ ਦਾਸ ਆਦਿ ਸਰਮਾਏਦਾਰੀ ਜ਼ਿਹਨੀਅਤ ਦੇ ਮਾਲਕ ਹੋਣ ਦੇ ਬਾਵਜੂਦ ਇਕ ਦੂਜੇ ਨਾਲੋਂ ਭਿੰਨ ਹਨ।

ਨਾਨਕ ਸਿੰਘ ਨੂੰ ਸਮਕਾਲੀ ਸਮਾਜ ਦੀਆਂ ਸਮੱਸਿਆਵਾਂ ਦਾ ਬੋਧ ਵੀ ਹੈ ਅਤੇ ਉਹ ਉਨ੍ਹਾਂ ਨੂੰ ਹੱਲ ਕਰਨ ਦੀ ਆਪਣੀ ਸਾਹਿਤਕ ਜ਼ਿੰਮੇਵਾਰੀ ਪ੍ਰਤਿ ਵੀ ਸੁਚੇਤ ਹੈ। ਸਮਾਜ ਦੇ ਦਲਿਤ ਵਰਗਾਂ, ਖ਼ਾਸ ਕਰਕੇ ਇਸਤਰੀ-ਜਾਤੀ ਨਾਲ ਉਸ ਨੂੰ ਪੂਰੀ ਹਮਦਰਦੀ ਹੈ।

ਨਾਨਕ ਸਿੰਘ ਦੀ ਨਾਵਲ ਕਲਾ- ~~ਮੌ~~ ਮੋਪ- ਵਰਗੀ

ਪਥਾਰਜ ਨੇ ਇਸ ਢੰਗ ਦੇ ਦ੍ਰਿਸ਼ਟੀਕੋਣ ਤੋਂ ਹੀ ਸ਼ੁਰੂਆਤ
ਕਰਦੀ ਹੈ। ਉਹ ਪੰਜਾਬੀ ਲੋਕ-ਢੰਗ ਦੇ ਸੰਪਰਦਾਇਕ
ਅਤੇ ਅਤੀਤਮੁਖ ਤਾਣ ਸੰਸਕਾਰਾਂ ਤੋਂ ਮੁਕਤ ਹੈ, ਪਰ ਲੋਕ
ਢੰਗੀ ਆਤਮਘਾਤੀ ਖਾਮੀਆਂ ਦੇ ਬਾਵਜੂਦ ਨਾਨਕ ਸਿੰਘ
ਪੰਜਾਬੀ ਦਾ ਪਹਿਲਾ ਨਾਟਕਕਾਰ ਹੈ ਜਿਸ ਨੇ ਪੰਜਾਬੀ
ਨਾਟਕ ਨੂੰ ਪੱਛਮੀ ਨਾਟਕ ਦੀਆਂ ਕਲਾਤਮਕ ਲੀਹਾਂ ਉੱਤੇ
ਚਾਲੂ ਦਾ ਠੋਸ ਮਹੱਤਵ ਜਤਨ ਕੀਤਾ ਹੈ ਅਤੇ ਪੰਜਾਬੀ
ਨਾਟਕ ਦੀ ਉਦੇਸ਼ਮੁਖ ਪਰੰਪਰਾ ਨੂੰ ਨਾਟਕੀ ਰੂਪ
ਪ੍ਰਦਾਨ ਕੀਤਾ ਹੈ।